# ਪਰਮੇਸ਼ਵਰ ਦੇ ਝੁੰਡ ਦੀ ਅਗਵਾਈ ਵਿਸ਼ਵਾਸ ਅਤੇ ਮਾਨਵਤਾ ਨਾਲ

## ਗਿਦਾਊਨ ਇੱਕ ਮਸਕੀਨ ਆਗੂ, ਪਰਮੇਸ਼ਵਰ ਦੀ ਸ਼ਕਤੀ ਵਿੱਚ ਵਿਸ਼ਵਾਸ ਕਰਨ ਵਾਲਾ।

**ਪ੍ਰਾਥਨਾ,** ''ਪਰਮੇਸ਼ਵਰ ਸਾਡੇ ਬੱਚਿਆਂ ਦੀ ਮੱਦਦ ਕਰੋ ਕਿ ਉਹ ਵੀ ਗਿਦਾਊਨ ਦੇ ਵਾਂਗ ਤੁਹਾਡੇ ਉੱਤੇ ਵਿਸ਼ਵਾਸ ਕਰਨ, ਉਹ ਜਿਹਦੇ ਸਿਪਾਹੀ ਕੁਪਿਆਂ ਵਿੱਚ ਅੱਗ ਲੈ ਕੇ ਫਿਰਦੇ ਸਨ।''

ਇੰਨਾ ਕਿਸੇ ਵੀ ਬੱਚਿਆਂ ਦੀਆਂ ਸਿਖਣ ਵਾਲੀਆਂ ਗਤੀਵਿਧੀਆਂ ਨੂੰ ਚੁਣੋ, ਜਿਹੜੀਆਂ ਕਿ ਉਨ੍ਹਾਂ ਦੀ ਲੋੜਾਂ ਨੂੰ ਪੂਰਾ ਕਰਦੀਆਂ ਹਨ ਅਤੇ ਉਨ੍ਹਾਂ ਦੇ ਸਮਝਣ ਦੇ ਪੱਧਰ ਨੂੰ ਵੀ।

ਇੱਕ ਵੱਡਾ ਬੱਚਾ ਜਾ ਅਧਿਆਪਕ ਪੜ੍ਹੇ ਜਾਂ ਨਿਆਈਆਂ ਦੀ ਪੋਥੀ 7 ਵਿੱਚ ਗਿਦਾਊਨ ਦੀ ਕਹਾਣੀ ਨੂੰ ਯਾਦ ਕਰਕੇ ਸੁਣਾਏ।

- ਸਮਝਾਉ ਉਹ ਮਿਦਯਾਨੀ ਜਿੰਨ੍ਹਾਂ ਨੇ ਇਸਰਏਲੀਆਂ ਤੇ ਹੱਲਾ ਬੋਲਿਆ ਅਤੇ ਉਨ੍ਹਾਂ ਦੀ ਹਰੇਕ ਚੀਜਾਂ ਨੂੰ ਲੁੱਟ ਲਿਆ।
- ਪਰਮੇਸ਼ਵਰ ਨੇ ਸਿਯਾਨੀਆ ਨੂੰ ਉਹਦੇ ਲੋਕਾਂ ਨੂੰ ਸਜਾ ਦੇਣ ਦਿੱਤੀ, ਕਿਉਕਿ ਉਹ ਮੂਰਤੀ ਪੂਜਾ ਕਰਦੇ ਸਨ।
- ਇਹ ਕਹਾਣੀ ਸਾਨੂੰ ਦੱਸਦੀ ਹੈ ਕਿ ਇੱਕ ਆਦਮੀ ਦੀ ਅਗਵਾਈ ਨਾਲ ਪਰਮੇਸ਼ਵਰ ਦੇ ਲੋਕ ਜਿੱਤ ਹਾਸਲ ਕਰਦੇ ਹਨ, ਕਿਉਕਿ ਉਹਨੂੰ ਪਰਮੇਸ਼ਵਰ ਵਿੱਚ ਵਿਸ਼ਵਾਸ ਸੀ।

ਇਹ ਕਹਾਣੀ ਸੁਣਾਉਣ (ਦੱਸਣ) ਤੋ ਬਾਦ, ਇੰਨ੍ਹਾਂ ਪ੍ਰਸ਼ਨਾਂ ਦੇ ਬਾਰੇ ਨਿਆਇਆਂ ਦੀ ਪੋਥੀ 7 ਵਿੱਚੋ ਪੁੱਛੋ।

ਕਿ ਪਰਮੇਸ਼ਵਰ ਨੇ ਗਿਦਾਊਨ ਨੂੰ ਕਿਉ ਆਖਿਆ ਕਿ ਉਹ ਡਰੇ ਹੋਏ ਆਦਮੀਆਂ ਨੂੰ ਘਰ ਭੇਜ ਦੇਵੇ, (ਦੇਖੋ ਆਇਤ 2)



- ਕਿਵੇਂ ਪਰਮੇਸ਼ਵਰ ਨੇ ਗਿਦਾਊਨ ਨੂੰ ਵਿਖਾਇਆ, ਕਿਹੜੇ ਕਿੰਨਾ ਸਿਪਾਹੀਆਂ ਨੂੰ ਉਸਨੇ ਯੁੱਧ ਲਈ ਨੂੰ ਰੱਖਣਾ ਹੈ? (ਦੇਖੋ ਆਇਤ 7 ਚੰਗੇ ਸਿਪਾਹੀਆ ਨੇ ਆਪਣੇ ਸਿਰਾ ਨੂੰ ਪਾਣੀ ਪੀਣ ਲਈ ਹੇਠਾ ਨਹੀ ਕੀਤਾ। ਉਹ ਇਹ ਵੇ ਖਦੇ ਰਹੇ, ਜਦੋ ਉਹ ਆਪਣੇ ਹੱਥਾ ਨਾਲ ਪੀ ਰਹੇ ਸਨ)
- ਉਨ੍ਹਾਂ ਦੇ ਵੈਰੀਆਂ ਦੇ ਸੁਪਨੇ ਵਿੱਚ ਕੀ ਆਇਆ, ਜਿਸ ਨੇ ਦੱਸਿਆ ਕਿ ਉਹ ਜਰੂਰ ਲੜਾਈ ਹਾਰ ਜਾਣਗੀ?

  *(ਆਇਤਾ 13 ਤੇ 15 ਦੇਖੋ)*
- ਉਨ੍ਹਾਂ ਨੂੰ ਲੈ ਕੇ ਜਾਣ ਵਾਸਤੇ ਇਸਰਾਏਲੀ ਸਿਪਾਹੀਆਂ ਨੇ ਕਿਹੜੀਆਂ ਤਿੰਨ ਚੀਜ਼ਾਂ ਕੀਤੀਆਂ? *(ਦੇਖੋ ਆਇਤ 16)*
- ਕਿਵੇਂ ਪਰਮੇਸ਼ਵਰ ਨੇ 300 ਸਿਪਾਹੀਆਂ ਨੂੰ ਵੈਰੀਆਂ ਨੂੰ ਹਰਾਉਣ ਲਈ ਇਸਤੇਮਾਲ ਕੀਤਾ (ਦੇਖੋ ਆਇਤ 20 ਉਨ੍ਹਾਂ ਨੇ ਮਿੱਟੀ ਦੇ ਘੜਿਆ ਨੂੰ ਤੋੜ ਦਿੱਤਾ ਜਿੰਨ੍ਹਾਂ ਵਿੱਚ ਮਿਸ਼ਾਲਾ ਨੂੰ ਲੁਕਾ ਕੇ ਰੱਖਿਆ ਸੀ, ਅਤੇ ਤੁਰਹੀ ਨੂੰ ਵਜਾ ਦਿੱਤਾ। ਅਚਾਨਕ ਅੱਗ ਦੀਆਂ ਲੱਪਟਾਂ ਅਤੇ ਅਵਾਜਾਂ ਨਾਲ ਵੈਰੀ ਭਰਮ ਵਿੱਚ ਪੈ ਗਏ। ਤੇ ਉਹ ਅੰਨ੍ਹੇਰੇ ਵਿੱਚ ਹੀ ਇੱਕ ਦੂਜੇ ਨਾਲ ਲੜਨ ਲੱਗ ਪਏ)

ਗਿਦਾਊਨ ਦੀ ਜਿੱਤ ਦੀ ਕਹਾਣੀ ਦੇ ਹਿੱਸਿਆਂ ਦਾ ਨਾਟਕ ਤਿਆਰ ਕਰੋ।

- ਸੁਖਕਲਸੀਆ ਦੇ ਆਗੂ ਨਾਲ ਮਿਲ ਕੇ ਕਲੀਸਿਆ ਦੀ ਮੁੱਖ ਅਰਾਧਨਾ ਵਿੱਚ ਇਹ ਨਾਟਕ ਪੇਸ਼ ਕਰਨ ਦਾ ਪ੍ਰਬੰਧ ਕਰੋ।
- ਬੱਚੇ ਇਸ ਦੀ ਤਿਆਰੀ ਪੜ੍ਹਨ ਦੇ ਵੇਲੇ ਕਰਨ।
- ਵੱਡੇ ਬੱਚੇ ਛੋਟਿਆ ਦੀ ਤਿਆਰੀ ਵਿੱਚ ਮੱਦਦ ਕਰਨ।
- ਵੱਡੇ ਬੱਚੇ ਜਾਂ ਬਾਲਿਗਾਂ ਨੂੰ ਇਹ ਹਿੱਸੇ ਕਰਣ ਲਈ ਦਿਉ।

**ਵਾਚਕ** : ਕਹਾਣੀ ਨੂੰ ਛੋਟਾ ਕਰਕੇ ਬੱਚਿਆਂ ਦੀ ਯਾਦ ਕਰਾਉਣ ਵਿੱਚ, ਮੱਦਦ ਕਰੇ ਕਿ ਉਹਨਾ ਨੂੰ ਕੀ ਕਹਿਣਾ ਹੈ ਅਤੇ ਕੀ ਕਰਨਾ ਹੈ।

**ਪਰਮੇਸ਼ਵਰ ਦੀ ਅਵਾਜ**

**ਗਿਦਾਊਨ–** ਉਨ੍ਹਾਂ ਵਸਤੂਆਂ ਨੂੰ ਲਵੇ ਜਾਂ ਤਸਵੀਰ ਨਾਲ ਦਿਖਾਏ ਇੱਕ ਤੁਰਹੀ, ਘੜਾ ਅਤੇ ਮਸ਼ਾਲ।

**ਮਿਦਯਾਨੀ ਸਿਪਾਹੀ**

- ਛੋਟਿਆਂ ਬੱਚਿਆਂ ਨੂੰ ਇਹ ਹਿੱਸੇ ਕਰਨ ਲਈ ਦਿਉ

  **ਸਹਿਮੇ ਹੋਏ ਸਿਪਾਹੀ**

  **ਧਿਆਨ ਨਾ ਰੱਖਣ ਵਾਲੇ ਸਿਪਾਹੀ:** ਇੱਕ ਕਟੋਰਾ ਲੈਣ।

  **ਵੇਖਣ ਵਾਲੇ ਸਿਪਾਹੀ**

  **ਵੈਰੀਆਂ ਦੇ ਸਿਪਾਹੀ:** ਉਹ ਤਲਵਾਰਾ ਰੱਖਣ।

**ਵਾਚਕ:** ਨਿਆਈਆ ਦੀ ਪੋਥੀ 7:1-8 ਵਿੱਚ ਕਹਾਣੀ ਦੇ ਪਹਿਲੇ ਹਿੱਸੇ ਨੂੰ ਦੱਸੋ। ਫਿਰ ਆਖੋ, ''ਸੁਣੋ ਪਰਮੇਸ਼ਵਰ ਗਿਦਾਊਨ ਨੂੰ ਕੀ ਆਖਦਾ ਹੈ।''

**ਪਰਮੇਸ਼ਵਰ ਦੀ ਅਵਾਜ:** ''ਤੇਰੇ ਕੋਲ ਬਹੁਤ ਸਾਰੇ ਸਿਪਾਹੀ ਹਨ। ਇਸਰਾਏਲੀਆਂ ਇਹ ਸੋਚਦੇ ਹਨ ਕਿ ਉਹ ਇਹ ਲੜਾਈ ਆਪਣੀ ਤਾਕਤ ਨਾਲ ਜਿੱਤ ਲੈਣਗੇ। ਉਨਾ ਨੂੰ ਦੱਸੋ ''ਜੇ ਤੁਸੀ ਡਰੇ ਹੋਏ ਹੋ ਤਾਂ ਤੁਸੀ ਇੱਥੋਂ ਆਪਣੇ ਘਰਾਂ ਨੂੰ ਜਾ ਸੱਕਦੇ ਹੋ। ਉਨ੍ਹਾਂ ਨੂੰ ਵੇਖੇ ਜਿਹੜੇ ਸੋਤੇ ਵਿੱਚੋ ਪਾਣੀ ਪੀਦੇ ਹਨ। ਸਿਰਫ ਉਨ੍ਹਾਂ ਸਿਪਾਹੀਆਂ ਲਈ ਜਿਹੜੇ ਖਬਰਦਾਰ (ਚੌਕਸ) ਰਹੇ।''

**ਗਿਦਾਊਨ** : ''ਤੁਸੀ ਸਾਰੇ ਜਿਹੜੇ ਡਰੇ ਹੋਏ ਹੋ, ਘਰ ਨੂੰ ਜਾਉ। ਬਾਕੀ ਸਾਰੇ ਤੁਸੀ, ਇਸ ਸੋਤੇ (ਨਹਿਰ) ਵਿੱਚੋ ਪਾਣੀ ਪੀਉ।''

**ਸਹਿਮੇ ਹੋਏ ਸਿਪਾਹੀ** – ਡਰ ਨਾਲ ਕੰਬਦੇ ਹੋਏ, ''ਮੈ ਡਰਿਆ ਹੋਇਆ ਹਾਂ, ਮੈ ਘਰ ਜਾਵਾਂਗਾ।'' (ਚੱਲੇ ਜਾਣ)

**ਧਿਆਨ ਨਾ ਰੱਥਣ ਵਾਲੇ ਸਿਪਾਹੀ** : ਫਰਸ਼ ਉੱਤੇ ਕਟੋਰਾ ਰੱਖ ਦੇਣ ਅਤੇ ਆਪਣੇ ਸਿਰਾਂ ਨੂੰ ਹੇਠਾਂ ਵੱਲ ਕਰ ਲੈਣ, ਪਾਣੀ ਨੂੰ ਉਲਟਾਉਣ ਦਾ ਦਿਖਾਵਾ ਕਰਨ। ਫਿਰ ਜੋਰ ਨਾਲ ਆਖਣ, ''ਮੈ ਇਹ ਵੇਖਣਾ ਭੁੱਲ ਗਿਆ, ਜਦੋ ਮੈ ਕੁੱਤੇ ਵਾਂਗ ਪਾਣੀ ਪੀ ਰਿਹਾ ਸੀ।'' (ਦੂਰ ਚਲੇ ਜਾਣ, ਅਤੇ ਕਟੋਰਾ ਪਿੱਛੇ ਛੱਡ ਜਾਣ)

**ਵੇਖਨ ਵਾਲੇ ਸਿਪਾਹੀ** :- ਪਾਣੀ ਦੇ ਕਟੋਰੇ, ਆਪਣੇ ਹੱਥਾਂ ਨਾਲ ਮੂੰਹ ਤੱਕ ਉੱਪਰ ਲੈ ਕੇ ਆਉ, ਜੋਰ ਨਾਲ ਆਖੋ, ''ਮੈ ਵੇ ਖਦਾ ਰਿਹਾ, ਜਦੋ ਮੈ ਪਾਣੀ ਪੀ ਰਿਹਾ ਸੀ। ਆਖੋ, ''ਮੈ ਵੇਖਦਾ ਰਿਹਾ ਜਦੋ ਮੈ ਪਾਣੀ ਪੀ ਰਿਹਾ ਸੀ। ਸਿਰਫ 300, ਸਿਪਾਹੀ ਹੀ ਬਾਕੀ ਰਹਿ ਗਏ ਹਨ। ਪਰ ਪਰਮੇਸ਼ਵਰ ਨੂੰ ਜਿੱਤ ਜਰੂਰ ਦੇਵੇਗਾ।''

**ਵਾਚਕ:** ਨਿਆਈਆ ਦੀ ਪੋਥੀ 7:9-19 ਵਿੱਚੋ ਕਹਾਣੀ ਦੇ ਦੂਜੇ ਹਿੱਸੇ ਨੂੰ ਦੱਸੇ, ਆਖੇ, ''ਸੁਣੋ ਪਰਮੇਸ਼ਵਰ ਗਿਦਾਊਨ ਨੂੰ ਕੀ ਕਹਿੰਦਾ ਹੈ?''

**ਪਰਮੇਸ਼ਵਰ ਦੀ ਅਵਾਜ,** ''ਵੈਰੀ ਦੀ ਛਾਉਣੀ ਵਿੱਚ ਜਾਉ, ਅਤੇ ਸੁਣੋ, ਉਹ ਕੀ ਕਹਿੰਦੇ ਹਨ?''

**ਗਿਦਾਊਨ** : ਚੁਪ ਚਾਪ ਮਿਦਯਾਨੀ ਸਿਪਾਹੀਆ ਦੇ ਪਿੱਛੇ ਜਾਵੇ, ਤੇ ਸੁਣੋ।''

**ਮਿਦਯਾਨੀ ਸਿਪਾਹੀ:** ''ਮੈਨੂੰ ਇੱਕ ਸੁਪਨਾ ਆਇਆ ਹੈ, ਇੱਕ ਛੋਟੇ ਰੋਟੀ ਵੇਲਨ ਵਾਲੇ ਨੇ ਸਾਡੇ ਤੰਬੂ ਨੂੰ ਲਪੇਟ ਕੇ ਇਸ ਨੂੰ ਤਬਾਹ ਕਰ ਦਿੱਤਾ। ਇਸਦਾ ਮਤਲਬ ਹੈ ਕਿ ਅਸੀ ਇਹ ਲੜਾਈ ਹਾਰ ਜਾਵਾਂਗੇ।''

**ਗਿਦਾਊਨ** : ਆਪਣੇ ਸਿਪਾਹੀਆਂ ਕੋਲ ਮੁੜ ਕੇ ਜਾਵੇ ਤੇ ਆਖੇ, ''ਇਸਰਾਏਲੀ ਸਿਪਾਹੀਉ, ਪਰਮੇਸ਼ਵਰ ਨੇ ਇਹ ਵਿਖਾਇਆ ਕਿ ਉਹ ਸਾਡੀ ਇਹ ਲੜਾਈ ਜਿੱਤਣ ਵਿੱਚ ਮੱਦਦ ਕਰੂਗਾ। ਇੱਥੇ ਤੁਰਹੀਆ ਹਨ ਅਤੇ ਘੜੇ ਮਸ਼ਾਲਾ ਨਾਲ ਅੰਦਰ ਰੱਖੇ ਹਨ। ਜਦੋ ਅਸੀ ਛਾਉਣੀ ਵੱਲ ਜਾਵਾਗੇ, ਤੁਰਹੀਆ ਨੂੰ ਵਜਾਉਣਾ, ਅਤੇ ਘੜ੍ਹਿਆ ਨੂੰ ਤੋੜ ਕੇ ਖੋਲ ਦੇਣਾ।''

**ਵਾਚਕ:** (ਆਇਤਾ 20-22) ਵਿੱਚੋ ਕਹਾਣੀ ਦੇ ਤੀਸਰੇ ਹਿੱਸੇ ਨੂੰ ਦੱਸੇ, ਫਿਰ ਆਖੇ, ''ਸੁਣੋ ਗਿਦਾਊਨ ਕੀ ਕਹਿੰਦਾ ਹੈ?''

**ਗਿਦਾਊਨ** : ਜੋਰ ਨਾਲ ਚੀਕੇ ''ਹੁਣ।''

**ਧਿਆਨ ਰੱਖਣ ਵਾਲੇ ਸਿਪਾਹੀ:** ਤੁਰਹੀਆਂ ਵਜਾਉਣ, ਘੜਿਆਂ ਨੂੰ ਤੋੜਨ, ਅਤੇ ਮਸ਼ਾਲਾਂ ਨੂੰ ਉੱਚਾ ਕਰਨ, ਫਿਰ ਚੀਕਣ ''ਇੱਕ ਤਲਵਾਰ ਗਿਦਾਊਨ ਲਈ ਅਤੇ ਪਰਮੇਸ਼ਵਰ ਵਾਸਤੇ।''

**ਵੈਰੀ ਸਿਪਾਹੀ:** ਆਲੇ ਦੁਆਲੇ ਭੱਜਣ ਅਤੇ ਘਬਰਾਏ ਹੋਏ ਇੱਕ ਦੂਜੇ ਨੂੰ ਮਾਰਨ। ਫਿਰ ਆਖਣ, ਇਹ ਬੜਾ ਹੀ ਅੰਨ੍ਹੇਰਾ ਹੈ ਵੇਖਣ ਲਈ।'' ''ਕਿਸ ਤਰਾ ਦੀ ਅਵਾਜ ਹੈ?'' ਉਨਾ ਮਸ਼ਾਲਾ ਨੂੰ ਵੇਖੋ। ਸਾਡੇ ਆਲੇ ਦੁਆਲੇ। ਸਾਡੇ ਵਿੱਚ ਵੈਰੀ ਹਨ। ਭੱਜੋ, ਭੱਜੋ।'' (ਇਥੋਂ ਚਲੇ ਜਾਉ)

**ਵਾਚਕ ਜਾ ਵੱਡਾ ਬੱਚਾ** : ਸਮਝਾਏ, ਕੀ ਨਾਟਕ ਖਤਮ ਹੋ ਗਿਆ ਹੈ? ਅਤੇ ਉਨਾਂ ਸਭਨਾ ਦਾ ਧੰਨਵਾਦ ਕਰੇ ਜਿੰਨਾ ਨੇ ਨਾਟਕ ਵਿੱਚ ਮੱਦਦ ਕੀਤੀ।

**ਪ੍ਰਸ਼ਨਾ ਨੂੰ ਪੁੱਛੋ।** ਜੇ ਬੱਚੇ ਇਹ ਨਾਟਕ ਬਾਲਿਗਾਂ ਲਈ ਤਿਆਰ ਕਰਨ, ਤਾਂ ਬਚੇ ਬਾਲਿਗਾ ਕੋਲੋਂ, ਉੱਤੇ ਦਿੱਤੀ ਸੂਚੀ ਦਾ ਸਾਰੇ ਉਹੀ ਪ੍ਰਸ਼ਨ ਪੁੱਛਣ।

ਸਲਾਹ ਮਸ਼ਵਰਾ ਹੋਰ ਕਿਹੜੀਆ ਉਦਾਹਰਣਾ ਹਨ ਕਿ ਕਿਵੇ ਪਰਮੇਸ਼ਵਰ ਸਾਨੂੰ ਇਸਤਮਾਲ ਕਰਦਾ ਹੈ, ਜਦੋ ਕਿ ਅਸੀ ਬਹੁਤ ਕਮਜੋਰ ਹੁੰਦੇ ਹਾਂ, ਜਦੋਂ ਅਸੀ ਉਹਦੇ ਉੱਤੇ ਵਿਸ਼ਵਾਸ ਕਰਦੇ ਹਾਂ? (ਬਾਲਿਗਾ ਜਾ ਬੱਚਿਆ ਨੂੰ ਉਦਾਹਰਣਾ ਦੇਣ ਦਿਉ)

ਇੱਕ ਘੜੇ ਦੀ ਤਸਵੀਰ ਬਣਾਉ ਜਿਹੜੇ ਅੰਦਰ ਬੱਚਿਆਂ ਦੀ ਨਕਲ ਕਰਨ ਵਾਸਤੇਮਸ਼ਾਲ ਹੋਵੇ।



- ਬੱਚੇ ਆਪਣੀਆਂ ਤਸਵੀਰਾਂ ਨੂੰ ਬਾਲਿਗਾ ਜਾਂ ਆਪਣੇ ਮਾਤਾ ਪਿਤਾ ਨੂੰ ਦਿਖਾਉਣ।
- ਬੱਚੇ ਇਹ ਸਮਝਾਉਣ, ਇਹ ਸਾਨੂੰ ਯਾਦ ਕਰਾਉਦੀਆਂ ਹਨ ਕਿ ਪਰਮੇਸ਼ਵਰ ਕਮਜੋਰ ਲੋਕਾ ਨੂੰ ਇਸਤੇਮਾਲ ਕਰਦਾ ਹੈ, ਜਦੋਂ ਅਸੀ ਉਹਦੇ ਉੱਤੇ ਵਿਸ਼ਵਾਸ (ਭਰੋਸਾ) ਕਰਦੇ ਹਾਂ।
- ਵੱਡੇ ਬੱਚੇ ਛੋਟਿਆਂ ਦੀ ਮੱਦਦ ਕਰਨ।

ਕਵਿਤਾ 2 ਜਾ ਜਿਆਦੇ ਬੱਚੇ ਜਬੂਰਾਂ ਦੀ ਪੋਥੀ 23 ਦੀਆ ਆਇਤਾ ਨੂੰ ਦੁਹਰਾਉਣ।

ਯਾਦ ਕਰੋ ਮਰਕੁਸ 9:35

ਵੱਡੇ ਬੱਚੇ ਕਵਿਤਾਵਾਂ, ਗੀਤ, ਨਾਟਕ ਗਿਦਾਊਨ ਦੀ ਵਿਸ਼ਵਾਸ ਨਾਲ ਕੀਤੀ ਅਗਵਾਈ ਬਾਰੇ ਲਿੱਖਣ। ਉਹ ਇਸ ਨੂੰ ਹਫਤੇ ਦੇ ਵਿੱਚ ਵੀ ਕਰ ਸਕਦੇ ਹਨ?

**ਪ੍ਰਥਨਾ** : ''ਪਰਮੇਸ਼ਵਰ, ਤੁਸੀ ਅੱਤ ਮਹਾਨ ਹੋ। ਤੁਸੀ ਹਮੇਸ਼ਾ ਵੈਰੀਆ ਤੋ ਜਿੱਤ ਹਾਸਲ ਕੀਤੀ ਹੈ। ਅਸੀ ਕਮਜੋਰ ਹਾਂ, ਕੋਈ ਮਤਲਬ ਨਹੀ! ਅਸੀਂ ਯਿਸੂ ਦੇ ਦੁਆਰਾ ਫਤਿੱਹ ਹਾਸ਼ਲ ਕਰਾਂਗੇ।''

Copyright 2004 © by Paul-Timothy. May be freely copied. Download from www.Paul-Timothy.net